# ਮੋਬਾਈਲ ਫੋਨ ਦੀ ਵਰਤੋਂ ਅਤੇ ਸੇਹਤ ਬਾਰੇ ਅਧਿਐਨ

# ਜਾਣਕਾਰੀ ਕਿਤਾਬਚਾ

ਤੁਹਾਨੂੰ ਇੱਕ ਲੰਬੇ ਸਮੇਂ ਦੇ ਅਧਿਐਨ ਵਿੱਚ ਭਾਗ ਲੈਣ ਵਾਸਤੇ ਸੱਦਾ ਦਿੱਤਾ ਜਾ ਰਿਹਾ ਹੈ ਜੋ ਕਿ ਮੋਬਾਈਲ ਫੋਨ ਦੀ ਵਰਤੋਂ ਅਤੇ ਸੇਹਤ ਨਾਲ ਸਬੰਧਿਤ ਹੈ। ਇਸ ਅਧਿਐਨ ਨੂੰ COSMOS (ਕੋਹੋਰਟ ਸਟੱਡੀ ਆਫ ਮੋਬਾਈਲ ਫੋਨ ਯੂਜ ਐਂਡ ਹੈਲਥ) ਕਿਹਾ ਜਾਂਦਾ ਹੈ। ਇਸਤੋਂ ਪਹਿਲਾਂ ਕਿ ਤੁਸੀਂ ਇਹ ਫੈਸਲਾ ਕਰੋ ਕਿ ਭਾਗ ਲੈਣਾ ਹੈ ਜਾਂ ਨਹੀਂ, ਤੁਹਾਡੇ ਵਾਸਤੇ ਇਹ ਸਮਝਣਾ ਮਹੱਤਵਪੂਰਨ ਹੈ ਕਿ ਇਹ ਖੋਜ ਕਿਉਂ ਕੀਤੀ ਜਾ ਰਹੀ ਹੈ ਅਤੇ ਇਸ ਵਿੱਚ ਕੀ ਕੁਝ ਸ਼ਾਮਲ ਹੋਵੇਗਾ। ਕਿਰਪਾ ਕਰਕੇ ਇਸ ਜਾਣਕਾਰੀ ਕਿਤਾਬਚੇ ਨੂੰ ਪੜ੍ਹਨ ਲਈ ਸਮਾਂ ਲਓ। ਜੇ ਕੋਈ ਚੀਜ਼ ਅਜਿਹੀ ਹੈ ਜੋ ਤੁਹਾਨੂੰ ਸਪੱਸ਼ਟ ਨਹੀਂ ਹੈ ਜਾਂ ਜੇ ਤੁਸੀਂ ਵਧੇਰੇ ਜਾਣਕਾਰੀ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਅਧਿਐਨ ਟੀਮ ਦੇ ਕਿਸੇ ਮੈਂਬਰ ਨੂੰ ਇਸ ਪਤੇ 'ਤੇ ਪੁੱਛੋ:

UK COSMOS Study
Department of Epidemiology and Biostatistics
School of Public Health
Faculty of Medicine
Imperial College London, St Mary's Campus
Norfolk Place
London W2 1PG.

ਈ-ਮੇਲ: ukcosmos@imperial.ac.uk

ਮੁਫਤ ਫੋਨ: 08000 270 270 (ਸੋਮਵਾਰ – ਸ਼ਨੀਵਾਰ, ਸਵੇਰੇ 10.00 – ਸ਼ਾਮ 6.00)

COSMOS ਬਾਰੇ ਵਧੇਰੇ ਜਾਣਕਾਰੀ ਇਥੇ ਵੀ ਉਪਲਬਧ ਹੈ:

www.ukcosmos.org

V25 29032010

Supported by the Department of Health

# ਇਸ ਅਧਿਐਨ ਬਾਰੇ

## COSMOS ਕੀ ਹੈ?

COSMOS, ਮੋਬਾਈਲ ਫੋਨ ਦੀ ਵਰਤੋਂ ਅਤੇ ਸੇਹਤ ਉੱਪਰ ਇਸਦੇ ਸੰਭਾਵਿਤ ਲੰਬੀ ਮਿਆਦ ਦੇ ਪ੍ਰਭਾਵਾਂ ਬਾਰੇ ਇੱਕ ਅੰਤਰਰਾਸ਼ਟਰੀ ਜੱਥੇ ‘ਤੇ ਕੀਤਾ ਜਾ ਰਿਹਾ ਅਧਿਐਨ ਹੈ।

## ਜੱਥਾ ਅਧਿਐਨ (cohort study) ਕੀ ਹੈ?

ਇੱਕ ਜੱਥਾ ਅਧਿਐਨ ਵਿੱਚ, ਜੱਥੇ ਦੇ ਮੈਂਬਰ ਲੋਕਾਂ ਦੀ ਸੇਹਤ ‘ਤੇ ਲੰਬੇ ਸਮੇਂ ਤੱਕ ਨਜ਼ਰ ਰੱਖੀ ਜਾਂਦੀ ਹੈ। ਇਸ ਅਧਿਐਨ ਵਾਸਤੇ, ਜੱਥਾ ਉਹਨਾਂ ਲੋਕਾਂ ਦਾ ਇੱਕ ਵੱਡਾ ਗਰੁੱਪ ਹੈ ਜੋ ਆਪਣੇ ਰੋਜ਼ਾਨਾ ਜੀਵਨ ਵਿੱਚ ਮੋਬਾਈਲ ਫੋਨਾਂ ਦੀ ਵਰਤੋਂ ਕਰ ਰਹੇ ਹਨ।

## COSMOS ਜੱਥਾ ਕਿੰਨ੍ਹਾ ਕੁ ਵੱਡਾ ਹੋਵੇਗਾ?

ਯੂਕੇ ਜੱਥਾ ਲੱਗਭਗ 90 - 100,000 ਮੋਬਾਈਲ ਫੋਨ ਵਰਤਣ ਵਾਲਿਆਂ ( ਜੋ 18+ ਸਾਲਾਂ ਦੀ ਉਮਰ ਦੇ ਹੋਣਗੇ) ਦੀ ਸੇਹਤ ‘ਤੇ 20 ਤੋਂ 30 ਸਾਲਾਂ ਤੱਕ ਨਜ਼ਰ ਰੱਖੇਗਾ। ਅੰਤਰਰਾਸ਼ਟਰੀ ਜੱਥਾ ਲੱਗਭਗ 250,000 ਮੋਬਾਈਲ ਵਰਤਣ ਵਾਲਿਆਂ ਦੀ ਸੇਹਤ 'ਤੇ ਨਜ਼ਰ ਰੱਖੇਗਾ।

## COSMOS ਦਾ ਮਕਸਦ ਕੀ ਹੈ?

ਲੋਕਾਂ ਦੇ ਇੱਕ ਵੱਡੇ ਗਰੁੱਪ ਦੀ ਸੇਹਤ ‘ਤੇ ਲੰਬੇ ਸਮੇਂ ਤੱਕ ਨਜ਼ਰ ਰੱਖਣਾ ਤਾਂ ਜੋ ਅਸੀਂ ਇਹ ਪਤਾ ਲਗਾ ਸਕੀਏ ਕਿ ਕੀ ਲੰਬੇ ਸਮੇਂ ਤੱਕ ਮੋਬਾਈਲ ਫੋਨਾਂ ਦੀ ਵਰਤੋਂ ਕਰਨ ਨਾਲ ਕੋਈ ਸੰਭਾਵਿਤ ਸੇਹਤ ਮੁੱਦੇ ਤਾਂ ਨਹੀਂ ਜੁੜੇ ਹੋਏ।

## ਕਿਹੜੇ ਸੇਹਤ ਸਿੱਟਿਆਂ ਦਾ ਅਧਿਐਨ ਕੀਤਾ ਜਾਵੇਗਾ?

ਅਸੀਂ ਸਮਾਂ ਪਾਕੇ, ਵਿਸ਼ੇਸ਼ ਲੱਛਣਾਂ ਦੀ ਬਾਰੰਬਾਰਤਾ ਵਿੱਚ ਆਈਆਂ ਕਿਸੇ ਤਬਦੀਲੀਆਂ ‘ਤੇ ਨਜ਼ਰ ਰੱਖਾਂਗੇ ਜਿਵੇਂ ਕਿ ਸਿਰ ਪੀੜ ਅਤੇ ਨੀਂਦ ਦੇ ਵਿਕਾਰ, ਅਤੇ ਨਾਲ ਹੀ ਕੈਂਸਰਾਂ, ਘੱਟ ਦੁਖਦਾਈ ਰਸੌਲੀਆਂ, ਤੰਤੂ-ਵਿਗਿਆਨਕ ਅਤੇ ਸੈਰੀਬਰੋ-ਵੈਸਕੂਲਰ ਬਿਮਾਰੀਆਂ ਦੇ ਖਤਰੇ।

## ਇਸ ਅਧਿਐਨ ਦਾ ਸੰਚਾਲਨ ਕੌਣ ਕਰ ਰਿਹਾ ਹੈ?

ਯੂਕੇ ਵਿੱਚ, ਇਮਪੀਰੀਅਲ ਕਾਲਜ ਲੰਡਨ ਇਸ ਖੋਜ ਨੂੰ ਕਰਵਾ ਰਿਹਾ ਹੈ। COSMOS ਇੱਕ ਅੰਤਰਰਾਸ਼ਟਰੀ ਅਧਿਐਨ ਹੈ ਜਿਸਦਾ ਸੰਚਾਲਨ ਬਹੁਤ ਸਾਰੇ ਯੂਰਪੀਅਨ ਦੇਸ਼ਾਂ ਵਿੱਚ ਕੀਤਾ ਜਾ ਰਿਹਾ ਹੈ।

## ਇਸ ਅਧਿਐਨ ਵਾਸਤੇ ਫੰਡ ਕੌਣ ਦੇ ਰਿਹਾ ਹੈ?

ਯੂਕੇ ਵਿਚਲੇ ਅਧਿਐਨ ਵਾਸਤੇ MTHR ਫੰਡ ਦੇ ਰਿਹਾ ਹੈ ਜੋ ਕਿ ਮੋਬਾਈਲ ਫੋਨਾਂ ਅਤੇ ਸੇਹਤ ਬਾਰੇ ਇੱਕ ਸੁਤੰਤਰ ਪ੍ਰੋਗਰਾਮ ਹੈ ਜਿਸਨੂੰ ਸੇਹਤ ਵਿਭਾਗ ਅਤੇ ਉਦਯੋਗਾਂ ਵੱਲੋਂ ਸਾਂਝੇ ਤੌਰ ‘ਤੇ ਸਹਾਇਤਾ ਦਿੱਤੀ ਜਾ ਰਹੀ ਹੈ: http://www.mthr.org.uk/.

## ਇਹ ਖੋਜ ਮਹੱਤਵਪੂਰਨ ਕਿਉਂ ਹੈ?

ਮੋਬਾਈਲ ਫੋਨਾਂ ਦੀ ਵਰਤੋਂ ਮੁਕਾਬਲਤਨ ਥੋੜ੍ਹੇ ਜਿਹੇ ਸਮੇਂ ਤੋਂ ਹੀ ਵਿਆਪਕ ਹੋਈ ਹੈ। ਇਹ ਮਹੱਤਵਪੂਰਨ ਹੈ ਕਿ ਅਸੀਂ ਹੁਣੇ ਹੀ ਲੋਕਾਂ ਦੇ ਇੱਕ ਵੱਡੇ ਗਰੁੱਪ ਦੀ ਸੇਹਤ 'ਤੇ ਲੰਬੇ ਸਮੇਂ ਤੱਕ ਨਜ਼ਰ ਰੱਖਣੀ ਸ਼ੁਰੂ ਕਰੀਏ। ਸੇਹਤ ਦੀ ਇਸ ਨਜ਼ਰਸਾਨੀ ਰਾਹੀਂ, ਅਸੀਂ ਇਸ ਨਵੀਂ ਤਕਨਾਲੋਜੀ ਨਾਲ ਜੁੜੇ ਸੰਭਾਵਿਤ ਲੰਬੀ ਮਿਆਦ ਦੇ ਪ੍ਰਭਾਵਾਂ ਬਾਰੇ ਮੌਜੂਦਾ ਅਨਿਸ਼ਚਿਤਾਵਾਂ ਨੂੰ ਹੱਲ ਕਰਨ ਦੇ ਯੋਗ ਹੋਵਾਂਗੇ। ਇਸ ਖੋਜ ਦਾ ਇੱਕ ਤਰਜੀਹ ਵਜੋਂ ਪਿੱਠਅੰਕਣ ਸੰਸਾਰ ਭਰ ਦੇ ਅਦਾਰਿਆਂ ਵੱਲੋਂ ਕੀਤਾ ਗਿਆ ਹੈ

ਜਿੰਨ੍ਹਾਂ ਵਿੱਚ ਸ਼ਾਮਲ ਹਨ ਡਿਪਾਰਟਮੈਂਟ ਆਫ ਹੈਲਥ, ਦਾ ਯੂਕੇ ਹੈਲਥ ਪ੍ਰੋਟੈਕਸ਼ਨ ਏਜੰਸੀ (HPA), ਦੀ ਯੂਕੇ ਅਡਵਾਈਜਰੀ ਗਰੁੱਪ ਆਨ ਨਾਨ-ਆਇਓਨਾਈਜਿੰਗ ਰੇਡੀਏਸ਼ਨ (AGNIR), ਦੀ ਯੂਰਪੀਅਨ ਯੂਨੀਅਨਜ ਸਾਇੰਟਿਫਿਕ ਕਮੇਟੀ ਆਨ ਇਮੱਰਜਿੰਗ ਐਂਡ ਨਿਊਲੀ ਆਈਡੈਂਟੀਫਾਇਡ ਹੈਲਥ ਰਿਸਕਸ (SCENHIR) ਅਤੇ ਦਾ ਵਰਲਡ ਹੈਲਥ ਆਰਗੇਨੀਜੇਸ਼ਨ (WHO).

ਇੰਡੀਪੈਂਡਅੰਟ ਐਕਸਪਰਟ ਗਰੁੱਪ ਆਨ ਮੋਬਾਈਲ ਫੋਨਜ਼ ਦੁਆਰਾ 2000 ਵਿੱਚ ਸਟੂਅਰਟ ਰਿਪੋਰਟ ਦੇ ਪ੍ਰਕਾਸ਼ਨ ਦੇ ਬਾਅਦ, ਇੱਕ ਸੁਤੰਤਰ ਖੋਜ ਪ੍ਰੋਗਰਾਮ, ਜਿਸਨੂੰ ਮੋਬਾਈਲ ਟੈਲੀਕਮਿਊਨੀਕੇਸ਼ਨਜ ਐਂਡ ਹੈਲਥ ਰਿਸਰਚ ਪ੍ਰੋਗਰਾਮ (MTHR) ਕਹਿੰਦੇ ਹਨ, ਦੀ ਯੂਕੇ ਵਿੱਚ ਸਥਾਪਨਾ ਕੀਤੀ ਗਈ ਤਾਂ ਜੋ ਮੋਬਾਈਲ ਟੈਲੀਕਮਿਊਨੀਕੇਸ਼ਨਜ ਦੇ ਸੇਹਤ ‘ਤੇ ਸੰਭਾਵਿਤ ਅਸਰ ਦੀ ਪੜਚੋਲ ਕੀਤੀ ਜਾ ਸਕੇ। MTHR ਦੀ ਸਭ ਤੋਂ ਤਾਜ਼ੀ ਰਿਪੋਰਟ ਦਾ ਸਾਰ ਇਹ ਹੈ ਕਿ:

*“... ਥੋੜ੍ਹੀ ਮਿਆਦ (ਦਸ ਸਾਲਾਂ ਤੋਂ ਘੱਟ) ਤੱਕ ਮੋਬਾਈਲ ਫੋਨਾਂ ਤੋਂ ਨਿਕਲਣ ਵਾਲੀਆਂ ਵਿਕਿਰਨਾਂ ਦੇ ਸੰਪਰਕ ਵਿੱਚ ਰਹਿਣਾ, ਦਿਮਾਗ ਅਤੇ ਤੰਤੂ ਪ੍ਰਣਾਲੀ ਦੇ ਕੈਂਸਰਾਂ ਨਾਲ ਨਹੀਂ ਜੁੜਿਆ ਹੋਇਆ। ਪਰ ਫਿਰ ਵੀ, ਕੁਝ ਮਹੱਤਵਪੂਰਨ ਅਨਿਸ਼ਚਿਤਾਵਾਂ ਹਨ ਜਿੰਨ੍ਹਾਂ ਦਾ ਹੱਲ ਕੇਵਲ ਫੋਨ ਦੀ ਵਰਤੋਂ ਕਰਨ ਵਾਲੇ ਇੱਕ ਵੱਡੇ ਜੱਥੇ ਦੀ ਸੇਹਤ ਦੀ ਲੰਬੇ ਸਮੇਂ ਤੱਕ ਨਿਗਰਾਨੀ ਕਰਕੇ ਹੀ ਕੀਤਾ ਜਾ ਸਕਦਾ ਹੈ।”*

*“ਕਮੇਟੀ ਨੂੰ ਇਸ ਗੱਲ ਦਾ ਯਕੀਨ ਹੈ ਕਿ ਇਹਨਾਂ ਅਨਿਸ਼ਚਿਤਾਵਾਂ ਨੂੰ ਹੱਲ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ ਮੋਬਾਈਲ ਫੋਨ ਦੀ ਵਰਤੋਂ ਕਰਨ ਵਾਲਿਆਂ ਦੇ ਇੱਕ ਵੱਡੇ ਜੱਥੇ ਦਾ ਅਧਿਐਨ ਕਰਨਾ, ਇਹ ਇੱਕ ਅਜਿਹੀ ਪਹੁੰਚ ਹੈ ਜਿਸਨੂੰ ਵਿਸ਼ਵ ਸੇਹਤ ਸੰਗਠਨ ਦੁਆਰਾ ਵੀ ਉੱਚ ਤਰਜੀਹ ਦਾ ਦਰਜ਼ਾ ਦਿੱਤਾ ਗਿਆ ਹੈ।”*

*http://www.mthr.org.uk/documents/MTHR_report_2007.pdf*

ਮੋਬਾਈਲ ਫੋਨ ਦੀ ਵਰਤੋਂ ਅਤੇ ਸੇਹਤ ਬਾਰੇ ਸਰਕਾਰੀ ਜਾਣਕਾਰੀ HPA ਦੀ ਵੈੱਬਸਾਈਟ ‘ਤੇ ਪ੍ਰਦਾਨ ਕੀਤੀ ਗਈ ਹੈ:

*http://www.hpa.org.uk/web/HPAweb&Page&HPAwebAutoListName/Page/1158934607786*

# ਹਿੱਸਾ ਲੈਣਾ

## COSMOS ਵਿੱਚ ਸੱਦਾ ਦੇਣ ਵਾਸਤੇ ਮੇਰੀ ਚੋਣ ਕਿਵੇਂ ਕੀਤੀ ਗਈ ਹੈ?

ਇਮਪੀਰੀਅਲ ਕਾਲਜ ਨੇ ਤੁਹਾਡੇ ਮੋਬਾਈਲ ਨੈੱਟਵਰਕ ਆਪਰੇਟਰ ਨੂੰ ਆਪਣੇ ਗਾਹਕਾਂ ਵਿੱਚੋਂ ਇੱਕ ਬੇਤਰਤੀਬੀ ਚੋਣ ਕਰਨ ਵਾਸਤੇ ਕਿਹਾ ਸੀ ਤਾਂ ਜੋ ਉਹਨਾਂ ਨੂੰ ਇਸ ਅਧਿਐਨ ਵਿੱਚ ਭਾਗ ਲੈਣ ਵਾਸਤੇ ਸੱਦਾ ਦਿੱਤਾ ਜਾ ਸਕੇ। ਇਸ ਕਰਕੇ, ਇਹ ਪੱਤਰ ਤੁਹਾਨੂੰ ਤੁਹਾਡੇ ਆਪਰੇਟਰ ਦੁਆਰਾ ਭੇਜਿਆ ਗਿਆ ਹੈ ਤਾਂ ਜੋ ਤੁਹਾਡੀ ਗੁਪਤਤਾ ਬਣਾਈ ਰੱਖੀ ਜਾ ਸਕੇ।

## ਮੈਨੂੰ ਹਿੱਸਾ ਕਿਉਂ ਲੈਣਾ ਚਾਹੀਦਾ ਹੈ?

ਸੰਸਾਰ ਭਰ ਵਿੱਚ ਇਸ ਸਮੇਂ ਛੇ ਬਿਲੀਅਨ ਤੋਂ ਵੀ ਵਧੇਰੇ ਮੋਬਾਈਲ ਫੋਨ ਵਰਤਣ ਵਾਲੇ ਹਨ ਅਤੇ ਯੂਕੇ ਵਿੱਚ 70 ਮਿਲੀਅਨ ਤੋਂ ਵੀ ਵੱਧ ਮੋਬਾਈਲ ਫੋਨ ਉਪਕਰਨ ਇਸ ਸਮੇਂ ਵਰਤੋਂ ਵਿੱਚ ਹਨ। ਮੌਜੂਦਾ ਵਰਤੋਂ ਕਰਤਾਵਾਂ ਅਤੇ ਭਵਿੱਖ ਦੀਆਂ ਪੀੜ੍ਹੀਆਂ ਵਾਸਤੇ ਇਹ ਪਤਾ ਲਾਉਣਾ ਮਹੱਤਵਪੂਰਨ ਹੈ ਕਿ ਕੀ ਇਸ ਨਵੀਂ ਅਤੇ ਵਿਆਪਕ ਤਕਨੀਕ, ਜੋ ਸਾਡੇ ਰੋਜ਼ਾਨਾ ਜੀਵਨ ਵਿੱਚ ਇੱਕ ਕੇਂਦਰੀ ਸਥਾਨ ਲੈ ਚੁੱਕੀ ਹੈ, ਦੇ ਕੋਈ ਸੰਭਾਵਿਤ ਲੰਬੀ ਮਿਆਦ ਦੇ ਪ੍ਰਭਾਵ ਹਨ ਜਾਂ ਨਹੀਂ।

## ਕੀ ਮੈਨੂੰ COSMOS ਵਿੱਚ ਹਿੱਸਾ ਲੈਣਾ ਹੀ ਪਵੇਗਾ?

ਇਸ ਅਧਿਐਨ ਵਿੱਚ ਭਾਗ ਲੈਣਾ ਸਵੈ-ਇੱਛਕ ਹੈ। ਤੁਹਾਡਾ ਫੈਸਲਾ ਤੁਹਾਡੇ ਮੋਬਾਈਲ ਨੈੱਟਵਰਕ ਆਪਰੇਟਰ ਨਾਲ ਤੁਹਾਡੇ ਰਿਸ਼ਤੇ ਨੂੰ ਪ੍ਰਭਾਵਿਤ ਨਹੀਂ ਕਰੇਗਾ।

## COSMOS ਵਿੱਚ ਭਾਗ ਲੈਣ ਵਿੱਚ ਕੀ ਕੁਝ ਸ਼ਾਮਲ ਹੈ?

ਜੇ ਤੁਸੀਂ ਭਾਗ ਲੈਣ ਦਾ ਫੈਸਲਾ ਕਰਦੇ ਹੋ, ਤਾਂ ਕਿਰਪਾ ਕਰਕੇ ਯੂਕੇ COSMOS ਦੀ ਵੈੱਬਸਾਈਟ www.ukcosmos.org ‘ਤੇ ਜਾਓ ਅਤੇ ਆਨਲਾਈਨ ਪ੍ਰਸ਼ਨਾਵਲੀ ਦੇ ਲਿੰਕ ‘ਤੇ ਕਲਿੱਕ ਕਰੋ। ਲਾਗ-ਇਨ ਕਰਨ ਵਾਸਤੇ, ਤੁਹਾਡੀ ਸਹਿਮਤੀ ਪ੍ਰਦਾਨ

ਕਰਨ ਵਾਸਤੇ ਅਤੇ ਤੁਹਾਡੀ ਮੋਬਾਈਲ ਫੋਨ ਵਰਤੋਂ, ਸੇਹਤ ਅਤੇ ਜੀਵਨ-ਸ਼ੈਲੀ ਬਾਰੇ ਸਵਾਲਾਂ ਦੇ ਜਵਾਬ ਦੇਣ ਵਾਸਤੇ ਤੁਹਾਨੂੰ ਤੁਹਾਡੇ ਸੁਰੱਖਿਅਤ ID ਨੰਬਰ (ਜਿਸਨੂੰ ਤੁਹਾਡੇ ਸੱਦਾ ਪੱਤਰ 'ਤੇ ਦੇਖਿਆ ਜਾ ਸਕਦਾ ਹੈ) ਦੀ ਲੋੜ ਪਵੇਗੀ। ਪ੍ਰਸ਼ਨਾਵਲੀ ਭਰਨ ਵਾਸਤੇ ਤੁਹਾਨੂੰ ਲੱਗਭਗ 30-45 ਮਿੰਟਾਂ ਦਾ ਸਮਾਂ ਲੱਗੇਗਾ। ਜੇ ਕਿਸੇ ਵੀ ਕਾਰਨ ਕਰਕੇ ਤੁਸੀਂ ਇੱਕ ਬੈਠਕ ਵਿੱਚ ਪ੍ਰਸ਼ਨਾਵਲੀ ਭਰਨ ਦੇ ਅਯੋਗ ਹੋ ਤਾਂ ਤੁਸੀਂ ਆਪਣੇ ਜਵਾਬਾਂ ਨੂੰ ਸੁਰੱਖਿਅਤ ਕਰਨ ਅਤੇ ਬਾਅਦ ਦੇ ਕਿਸੇ ਸਮੇਂ ਵਿੱਚ ਵਾਪਸ ਪ੍ਰਸ਼ਨਾਵਲੀ ਖੋਲ੍ਹਣ ਦੇ ਯੋਗ ਹੋਵੋਗੇ।

ਅਧਿਐਨ ਦਾ ਸ਼ੁਰੂਆਤੀ ਪੜਾਅ ਪੰਜ ਸਾਲਾਂ ਦਾ ਹੈ। ਇਸ ਪੜਾਅ ਵਿੱਚ, ਅਸੀਂ ਤੁਹਾਨੂੰ ਸਾਲ ਵਿੱਚ ਲੱਗਭਗ ਇੱਕ ਵਾਰ ਸੰਪਰਕ ਕਰਾਂਗੇ ਤਾਂ ਜੋ ਜੇ ਤੁਸੀਂ ਆਪਣੇ ਮੋਬਾਈਲ ਨੈੱਟਵਰਕ ਆਪਰੇਟਰ ਨੂੰ ਬਦਲ ਲੈਂਦੇ ਹੋ ਤਾਂ ਤੁਹਾਡੇ ਵਿਸਥਾਰਾਂ ਨੂੰ ਨਵੀਨਤਮ ਕੀਤਾ ਜਾ ਸਕੇ ਜਾਂ ਫਿਰ ਵਧੇਰੇ ਜਾਣਕਾਰੀ ਦੀ ਮੰਗ ਕੀਤੀ ਜਾ ਸਕੇ।

ਅਸੀਂ ਘੱਟੋ ਘੱਟ 20 ਸਾਲਾਂ ਤੱਕ ਤੁਹਾਡੀ ਸੇਹਤ ਦੇ ਰਿਕਾਰਡਾਂ 'ਤੇ ਵੀ ਨਜ਼ਰ ਰੱਖਾਂਗੇ ਪਰ ਤੁਹਾਨੂੰ ਤੁਹਾਡੀ ਸ਼ੁਰੂਆਤੀ ਸਹਿਮਤੀ ਦੇਣ ਦੇ ਇਲਾਵਾ ਕੁਝ ਵੀ ਕਰਨ ਦੀ ਲੋੜ ਨਹੀਂ ਹੈ।

### ਜੇ ਮੈਂ ਭਾਗ ਲਵਾਂ ਤਾਂ ਕੀ ਮੈਨੂੰ ਫਾਇਦਾ ਹੋਵੇਗਾ?

ਤੁਸੀਂ ਵਰਤਮਾਨ ਅਤੇ ਭਵਿੱਖ ਦੀਆਂ ਪੀੜ੍ਹੀਆਂ ਦੀ ਸੇਹਤ ਦੇ ਫਾਇਦੇ ਵਾਸਤੇ ਇੱਕ ਮਹੱਤਵਪੂਰਨ ਖੋਜ ਕਾਰਜ ਵਿੱਚ ਯੋਗਦਾਨ ਪਾਵੋਗੇ। ਇਸਤੋਂ ਇਲਾਵਾ, ਇੱਕ ਛੋਟੀ ਜਿਹੀ ਬਖਸ਼ੀਸ਼ ਵਜੋਂ, ਜੋ ਵੀ 30 ਜੂਨ 2010 ਤੱਕ ਆਨਲਾਈਨ ਪ੍ਰਸ਼ਨਾਵਲੀ ਪੂਰੀ ਕਰਦਾ ਹੈ, ਉਸਨੂੰ £25 ਦੀ ਕੀਮਤ ਦੇ ਹਾਈ-ਸਟਰੀਟ ਵਾਊਚਰਾਂ ਦੇ ਇਨਾਮੀ ਡਰਾਅ ਵਿੱਚ ਸ਼ਾਮਲ ਕੀਤਾ ਜਾਵੇਗਾ। 12 ਜੁਲਾਈ 2010 ਨੂੰ ਅਸੀਂ ਬੇਤਰਤੀਬੇ ਢੰਗ ਨਾਲ 100 ਜੇਤੂਆਂ ਦੀ ਚੋਣ ਕਰਾਂਗੇ। ਜੇਤੂਆਂ ਨੂੰ ਫੋਨ ਅਤੇ ਈਮੇਲ ਦੁਆਰਾ ਸੂਚਿਤ ਕੀਤਾ ਜਾਵੇਗਾ। ਮਦਾਂ ਅਤੇ ਸ਼ਰਤਾਂ ਵਾਸਤੇ, ਦੇਖੋ: www.ukcosmos.org.

# ਜਾਣਕਾਰੀ ਦੀ ਲੋੜ ਹੈ

### ਇਸ ਅਧਿਐਨ ਵਾਸਤੇ ਕਿਸ ਜਾਣਕਾਰੀ ਦੀ ਲੋੜ ਹੈ?

ਇਸ ਅਧਿਐਨ ਵਾਸਤੇ, ਸਾਨੂੰ ਤੁਹਾਡੇ ਜੀਵਨ ਦੇ 3 ਵਿਸ਼ੇਸ਼ ਖੇਤਰਾਂ ਬਾਰੇ ਜਾਣਕਾਰੀ ਇਕੱਠੀ ਕਰਨ ਦੀ ਲੋੜ ਹੈ। ਇਹ ਹਨ:

1. ਤੁਹਾਡੇ ਦੁਆਰਾ ਮੋਬਾਈਲ ਫੋਨ ਦੀ ਵਰਤੋਂ – ਪ੍ਰਸ਼ਨਾਵਲੀ ਮੋਬਾਈਲ ਫੋਨਾਂ ਦੀ ਤੁਹਾਡੀ ਵਰਤਮਾਨ ਅਤੇ ਬੀਤੇ ਸਮੇਂ ਵਿੱਚ ਕੀਤੀ ਵਰਤੋਂ ਅਤੇ ਹੋਰਨਾਂ ਨਵੀਆਂ ਤਕਨੀਕਾਂ ਨੂੰ ਆਪਣੇ ਦਾਇਰੇ ਵਿੱਚ ਲੈਂਦੀ ਹੈ। ਇਸਦੀ ਸੰਪੂਰਤੀ ਤੁਹਾਡੇ ਨੈੱਟਵਰਕ ਆਪਰੇਟਰ(ਰਾਂ) ਤੋਂ ਲਏ ਮੋਬਾਈਲ ਫੋਨ ਰਿਕਾਰਡਾਂ ਦੁਆਰਾ ਕੀਤੀ ਜਾਵੇਗੀ, ਜਿਵੇਂ ਕਿ ਤੁਹਾਡੇ ਦੁਆਰਾ ਮੋਬਾਈਲ ਫੋਨ ਵਰਤੋਂ ਦੀ ਬਾਰੰਬਾਰਤਾ ਅਤੇ ਮਿਆਦ, ਇਹ ਇਕਰਾਰਨਾਮਾ ਗਾਹਕੀ (contract subscription) ਵਾਲੇ ਅਤੇ ਵਰਤੋ-ਅਤੇ-ਅਦਾ-ਕਰੋ (pay-as-you-go) ਫੋਨਾਂ, ਦੋਨਾਂ ਵਾਸਤੇ ਹੋਵੇਗਾ। ਇਸ ਜਾਣਕਾਰੀ ਵਿੱਚ ਅਜਿਹੀ ਕੋਈ ਜਾਣਕਾਰੀ ਸ਼ਾਮਲ ਨਹੀਂ ਹੋਵੇਗੀ, ਜੋ ਤੁਹਾਡੇ ਦੁਆਰਾ ਕਾਲ ਕੀਤੇ ਜਾਣ ਵਾਲੇ ਜਾਂ ਤੁਹਾਨੂੰ ਕਾਲ ਕਰਨ ਵਾਲੇ ਲੋਕਾਂ ਦੇ ਨੰਬਰਾਂ ਦੀ ਪਛਾਣ ਦੱਸੇ। ਅਧਿਐਨ ਦੇ ਬਾਅਦ ਦੀ ਨਜ਼ਰਸਾਨੀ ਮਿਆਦ ਦੌਰਾਨ ਤੁਹਾਡੇ ਨੈੱਟਵਰਕ ਆਪਰੇਟਰ(ਰਾਂ) ਤੋਂ ਮੋਬਾਈਲ ਫੋਨ ਦੇ ਰਿਕਾਰਡਾਂ ਨੂੰ ਪ੍ਰਾਪਤ ਕਰਨਾ ਜਾਰੀ ਰੱਖਣ ਵਾਸਤੇ, ਸਾਡੇ ਲਈ ਇਹ ਜਾਣਨਾ ਮਹੱਤਵਪੂਰਨ ਹੈ ਕਿ ਕੀ ਤੁਸੀਂ ਬਦਲਕੇ ਕੋਈ ਹੋਰ ਨੈੱਟਵਰਕ ਆਪਰੇਟਰ ਲੈ ਲਿਆ ਹੈ ਜਾਂ ਤੁਸੀਂ ਆਪਣਾ ਫੋਨ ਨੰਬਰ ਬਦਲ ਲਿਆ ਹੈ। ਤੁਸੀਂ ਯੂਕੇ COSMOS ਦੀ ਵੈੱਬਸਾਈਟ, ਈ-ਮੇਲ ਜਾਂ ਮੁਫਤਫੋਨ ਰਾਹੀਂ ਸਾਨੂੰ ਸਿੱਧੇ ਤੌਰ 'ਤੇ ਕਿਸੇ ਵੀ ਤਬਦੀਲੀਆਂ ਬਾਰੇ ਸੂਚਿਤ ਕਰ ਸਕਦੇ ਹੋ (ਵਧੇਰੇ ਵਿਸਥਾਰਾਂ ਵਾਸਤੇ ਹੇਠਾਂ ਦੇਖੋ)। ਵਿਕਲਪਕ ਤੌਰ 'ਤੇ, ਤੁਹਾਡੀ ਸਹਿਮਤੀ ਨਾਲ ਇਹੀ ਜਾਣਕਾਰੀ ਅਸੀਂ ਨੈੱਟਵਰਕ ਆਪਰੇਟਰਾਂ ਤੋਂ ਲੈ ਲਵਾਂਗੇ।

2. ਤੁਹਾਡੀ ਸੇਹਤ – ਪ੍ਰਸ਼ਨਾਵਲੀ ਤੁਹਾਡੀ ਬੀਤੇ ਸਮੇਂ ਵਿੱਚ ਅਤੇ ਵਰਤਮਾਨ ਸੇਹਤ ਦੇ ਪੱਖਾਂ ਨੂੰ ਆਪਣੇ ਦਾਇਰੇ ਵਿੱਚ ਲੈਂਦੀ ਹੈ। ਇਮਪੀਰੀਅਲ ਕਾਲਜ ਬਕਾਇਦਾ ਮੈਡੀਕਲ ਅਤੇ ਹੋਰ ਸੇਹਤ-ਸਬੰਧੀ ਰਿਕਾਰਡਾਂ ਦੁਆਰਾ ਸਿੱਧੇ ਤੌਰ 'ਤੇ ਤੁਹਾਡੀ ਸੇਹਤ 'ਤੇ ਨਜ਼ਰ ਰੱਖੇਗਾ, ਉਦਾਹਰਨ ਲਈ, ਕੈਂਸਰ ਵਾਸਤੇ ਪੰਜੀਕਰਨ, ਤੁਹਾਡੇ ਐੱਨ.ਐੱਚ.ਐੱਸ. ਨੰਬਰ ਦੀ ਵਰਤੋਂ ਕਰਨਾ ਜੋ ਕਿ ਤੁਹਾਡੇ ਨਾਮ, ਪਤੇ ਅਤੇ ਜਨਮ ਤਾਰੀਖ ਨਾਲ ਜੁੜਿਆ ਹੋਇਆ ਹੈ।

3. ਤੁਹਾਡੀ ਜੀਵਨਸ਼ੈਲੀ – ਪ੍ਰਸ਼ਨਾਵਲੀ ਤੁਹਾਡੀ ਜੀਵਨਸ਼ੈਲੀ ਦੇ ਅਜਿਹੇ ਪੱਖਾਂ ਨੂੰ ਆਪਣੇ ਦਾਇਰੇ ਵਿੱਚ ਲੈਂਦੀ ਹੈ ਜਿਵੇਂ ਕਿ ਸਿਗਰਟ ਪੀਣਾ, ਖ਼ੁਰਾਕ ਅਤੇ ਕਸਰਤ ਕਿਉਂਕਿ ਇਹ ਤੁਹਾਡੀ ਲੰਬੇ ਸਮੇਂ ਦੀ ਸੇਹਤ ਨਾਲ ਸਬੰਧਿਤ ਹਨ।

### ਤੁਹਾਨੂੰ ਮੇਰੀ ਸਹਿਮਤੀ ਦੀ ਲੋੜ ਕਿਉਂ ਹੈ?

ਸਾਨੂੰ ਤੁਹਾਡੀ ਸਹਿਮਤੀ ਦੀ ਲੋੜ ਅੰਕੜੇ ਸੁਰੱਖਿਆ ਕਾਨੂੰਨਾਂ (ਡਾਟਾ ਪਰੋਟੈਕਸ਼ਨ ਲਾਅ) ਦੀ ਤਾਮੀਲ ਕਰਨ ਵਾਸਤੇ ਅਤੇ ਮਰੀਜ਼ਾਂ ਪ੍ਰਤੀ ਗੁਪਤਤਾ ਦੇ ਆਮ ਕਾਨੂੰਨੀ ਕਰੱਤਵ ਨੂੰ ਨਿਭਾਉਣ ਵਾਸਤੇ ਹੈ। ਇਸ ਨਾਲ ਇਮਪੀਰੀਅਲ ਕਾਲਜ ਨੂੰ ਉਹ ਜਾਣਕਾਰੀ ਰੱਖਣ ਵਾਸਤੇ ਤੁਹਾਡੀ ਆਗਿਆ ਮਿਲ ਜਾਂਦੀ ਹੈ ਜੋ ਤੁਹਾਡੀ ਪਛਾਣ ਦੱਸਦੀ ਹੈ। ਇਹ ਸਾਨੂੰ ਤੁਹਾਡੀ ਸੇਹਤ ਵਿੱਚ ਆਈਆਂ ਕਿਸੇ ਵੀ ਤਬਦੀਲੀਆਂ 'ਤੇ ਨਜ਼ਰ ਰੱਖਣ ਅਤੇ ਤੁਹਾਡੇ ਦੁਆਰਾ ਮੋਬਾਈਲ ਫੋਨ ਦੀ ਵਰਤੋਂ ਬਾਰੇ ਤੁਹਾਡੇ ਮੋਬਾਈਲ ਨੈੱਟਵਰਕ ਆਪਰੇਟਰ(ਰਾਂ) ਕੋਲੋਂ ਜਾਣਕਾਰੀ ਪ੍ਰਾਪਤ ਕਰਨ ਦੇ ਵੀ ਯੋਗ ਬਣਾਉਂਦੀ ਹੈ।

### ਮੈਂ ਆਪਣੀ ਸਹਿਮਤੀ ਕਿਵੇਂ ਵਾਪਸ ਲੈ ਸਕਦਾ/ਦੀ ਹਾਂ?

ਤੁਹਾਨੂੰ ਕਿਸੇ ਵੀ ਸਮੇਂ ਪਿੱਛੇ ਹਟ ਜਾਣ ਦਾ ਅਧਿਕਾਰ ਹੈ। ਜੇ ਤੁਸੀਂ ਅਧਿਐਨ ਤੋਂ ਪਿੱਛੇ ਹਟ ਜਾਣ ਬਾਰੇ ਵਿਚਾਰ ਕਰ ਰਹੇ ਹੋ, ਤਾਂ ਕਿਰਪਾ ਕਰਕੇ ਮੁਫਤਫੋਨ ਨੰਬਰ 08000 270 270 'ਤੇ ਸੰਪਰਕ ਕਰੋ (ਸੋਮਵਾਰ – ਸ਼ਨੀਵਾਰ, 10.00 ਵਜੇ ਸਵੇਰੇ – 6.00 ਵਜੇ ਸ਼ਾਮ)।

ਜੇ ਤੁਸੀਂ ਪਿੱਛੇ ਹਟਣ ਦਾ ਫੈਸਲਾ ਕਰਦੇ ਹੋ, ਤਾਂ ਭਵਿੱਖ ਵਿੱਚ ਸੰਪਰਕ ਅਤੇ ਤੁਹਾਡੇ ਅੰਕੜਿਆਂ ਦੀ ਵਰਤੋਂ ਦੇ ਸਬੰਧ ਵਿੱਚ ਤੁਹਾਡੇ ਕੋਲ ਹੇਠ ਲਿਖੇ ਵਿਕਲਪ ਹੋਣਗੇ:

1. ਕੋਈ ਹੋਰ ਸੰਪਰਕ ਨਹੀਂ – ਇਸਦਾ ਮਤਲਬ ਇਹ ਹੈ ਕਿ COSMOS ਸਿੱਧੇ ਤੌਰ 'ਤੇ ਕਦੇ ਵੀ ਤੁਹਾਡੇ ਨਾਲ ਸੰਪਰਕ ਨਹੀਂ ਕਰੇਗਾ, ਪਰ ਫਿਰ ਵੀ ਇਸ ਕੋਲ ਪਹਿਲਾਂ ਪ੍ਰਦਾਨ ਕੀਤੀ ਗਈ ਜਾਣਕਾਰੀ ਨੂੰ ਰੱਖੀ ਰੱਖਣ ਅਤੇ ਵਰਤਣ ਵਾਸਤੇ ਅਤੇ ਤੁਹਾਡੇ ਸੇਹਤ ਰਿਕਾਰਡਾਂ ਤੋਂ ਅਗਲੇਰੀ ਜਾਣਕਾਰੀ ਪ੍ਰਾਪਤ ਕਰਨ ਅਤੇ ਵਰਤਣ ਦੀ ਤੁਹਾਡੀ ਆਗਿਆ ਹੋਵੇਗੀ।

2. ਕੋਈ ਹੋਰ ਪਹੁੰਚ ਨਹੀਂ – ਇਸਦਾ ਮਤਲਬ ਇਹ ਹੈ ਕਿ COSMOS ਕਦੇ ਵੀ ਤੁਹਾਡੇ ਨਾਲ ਸੰਪਰਕ ਨਹੀਂ ਕਰੇਗਾ ਜਾਂ ਭਵਿੱਖ ਵਿੱਚ ਤੁਹਾਡੇ ਸੇਹਤ ਰਿਕਾਰਡਾਂ ਤੋਂ ਕੋਈ ਹੋਰ ਜਾਣਕਾਰੀ ਇਕੱਠੀ ਨਹੀਂ ਕਰੇਗਾ, ਪਰ ਫਿਰ ਵੀ ਇਸ ਕੋਲ ਪਹਿਲਾਂ ਪ੍ਰਦਾਨ ਕੀਤੀ ਗਈ ਜਾਣਕਾਰੀ ਨੂੰ ਵਰਤਣ ਵਾਸਤੇ ਤੁਹਾਡੀ ਆਗਿਆ ਹੋਵੇਗੀ।

3. ਕੋਈ ਹੋਰ ਵਰਤੋਂ ਨਹੀਂ – ਇਸਦਾ ਮਤਲਬ ਇਹ ਹੈ ਕਿ, ਤੁਹਾਡੇ ਨਾਲ ਹੋਰ ਸੰਪਰਕ ਨਾ ਕਰਨ ਜਾਂ ਹੋਰ ਜਾਣਕਾਰੀ ਨਾ ਪ੍ਰਾਪਤ ਕਰਨ ਤੋਂ ਬਿਨਾਂ, COSMOS ਪਹਿਲਾਂ ਪ੍ਰਦਾਨ ਕੀਤੀ ਗਈ ਤੁਹਾਡੀ ਸਾਰੀ ਜਾਣਕਾਰੀ ਨੂੰ ਨਸ਼ਟ ਕਰ ਦੇਵੇਗਾ।

# ਅੰਕੜਿਆਂ ਦੀ ਸੁਰੱਖਿਆ

### ਮੇਰੇ ਬਾਰੇ ਜਾਣਕਾਰੀ ਨੂੰ ਗੁਪਤ ਕਿਵੇਂ ਰੱਖਿਆ ਜਾਵੇਗਾ?

ਤੁਹਾਡੀ ਪਰਦੇਦਾਰੀ ਅਤੇ ਗੁਪਤਤਾ ਸਾਡੇ ਵਾਸਤੇ ਮਹੱਤਵਪੂਰਨ ਹੈ। ਇਮਪੀਰੀਅਲ ਕਾਲਜ ਨੇ ਇਨਫਰਮੇਸ਼ਨ ਕਮਿਸ਼ਨਰ (ਜਾਣਕਾਰੀ ਕਮਿਸ਼ਨਰ) ਤੋਂ ਇਹ ਯਕੀਨੀ ਬਣਾਉਣ ਲਈ ਸਲਾਹ ਮੰਗੀ ਹੈ ਕਿ ਇਹ ਖੋਜ ਅਧਿਐਨ ਅੰਕੜੇ ਸੁਰੱਖਿਆ ਕਾਨੂੰਨ, 1998 ਦੀਆਂ ਲੋੜਾਂ ਦੀ ਪੂਰੀ ਤਰਾਂ ਤਾਮੀਲ ਕਰੇ। ਵਿਅਕਤੀਗਤ ਪਛਾਣ ਦੱਸਣ ਵਾਲੇ ਸਾਰੇ ਅੰਕੜਿਆਂ ਨਾਲ ਪੂਰੀ ਸਖਤ ਗੁਪਤਤਾ ਨਾਲ ਵਿਵਹਾਰ ਕੀਤਾ ਜਾਵੇਗਾ। ਸਾਰੇ ਅੰਕੜਿਆਂ ਨੂੰ ਇਮਪੀਰੀਅਲ ਕਾਲਜ ਵਿਖੇ ਇੱਕ ਨਿੱਜੀ ਕੰਪਿਊਟਰ ਨੈੱਟਵਰਕ 'ਤੇ ਸੁਰੱਖਿਅਤਾ ਨਾਲ ਸਟੋਰ ਕੀਤਾ ਜਾਵੇਗਾ। ਇਸ ਅਧਿਐਨ ਦੇ ਨਤੀਜਿਆਂ ਨੂੰ ਸੁਤੰਤਰ ਸਮੀਖਿਆ ਦੇ ਬਾਅਦ ਪ੍ਰਕਾਸ਼ਿਤ ਕੀਤਾ ਜਾਵੇਗਾ ਪਰ ਕਦੇ ਵੀ ਵਿਅਕਤੀਗਤ ਪਛਾਣ ਦੱਸਣ ਵਾਲੇ ਅੰਕੜਿਆਂ ਨੂੰ ਪ੍ਰਕਾਸ਼ਿਤ ਨਹੀਂ ਕੀਤਾ ਜਾਵੇਗਾ।

### ਮੇਰੀ ਜਾਣਕਾਰੀ ਤੱਕ ਪਹੁੰਚ ਕਰਨ ਅਤੇ ਇਸਦੀ ਵਰਤੋਂ ਕਰਨ ਦੇ ਯੋਗ ਕੌਣ ਹੋਵੇਗਾ?

ਤੁਹਾਡੀ ਸੇਹਤ ਅਤੇ ਮੋਬਾਈਲ ਫੋਨ ਦੀ ਵਰਤੋਂ ਬਾਰੇ ਜਾਣਕਾਰੀ ਨੂੰ ਇਮਪੀਰੀਅਲ ਕਾਲਜ ਵਿਖੇ ਇੱਕ ਨਿੱਜੀ ਕੰਪਿਊਟਰ ਨੈੱਟਵਰਕ 'ਤੇ ਸੁਰੱਖਿਅਤਾ ਨਾਲ ਸਟੋਰ ਕੀਤਾ ਜਾਵੇਗਾ ਅਤੇ ਅਕਾਦਮਿਕ ਖੋਜ ਟੀਮ ਦੀ ਇਸ ਤੱਕ ਪਹੁੰਚ ਹੋਵੇਗੀ। ਤੁਹਾਡੀ ਪਛਾਣ ਦੱਸਣ ਵਾਲੀ ਜਾਣਕਾਰੀ, ਜਿਸ ਵਿੱਚ ਤੁਹਾਡਾ ਨਾਮ ਅਤੇ ਪਤਾ ਵੀ ਸ਼ਾਮਲ ਹੈ, ਨੂੰ ਤੁਹਾਡੀ ਸੇਹਤ ਅਤੇ ਮੋਬਾਈਲ ਫੋਨ ਦੀ ਵਰਤੋਂ ਬਾਰੇ ਜਾਣਕਾਰੀ ਤੋਂ ਅਲੱਗ ਰੱਖਿਆ ਜਾਵੇਗਾ। ਤੁਹਾਡੀ ਵਿਅਕਤੀਗਤ ਪਛਾਣ ਦੱਸਣ ਵਾਲੀ ਜਾਣਕਾਰੀ ਤੱਕ ਪਹੁੰਚ ਇਮਪੀਰੀਅਲ ਕਾਲਜ ਵਿਖੇ ਅਕਾਦਮਿਕ ਖੋਜ ਟੀਮ ਦੇ ਕੁਝ ਕੁ ਮੈਂਬਰਾਂ ਤੱਕ ਹੀ ਸੀਮਤ ਹੋਵੇਗੀ , ਜਿੰਨ੍ਹਾਂ ਨੂੰ ਸਖਤ ਗੈਰ-ਇੰਕਸ਼ਾਫ (ਨਾਨ-ਡਿਸਕਲਾਜ਼ਰ) ਇਕਰਾਰਨਾਮਿਆਂ 'ਤੇ ਦਸਤਖਤ ਕਰਨ ਦੀ ਲੋੜ ਹੋਵੇਗੀ। ਅਧਿਐਨ ਦੌਰਾਨ ਇਕੱਠੇ ਕੀਤੇ ਅੰਕੜਿਆਂ ਨੂੰ ਹੋਰਨਾਂ ਦੇਸ਼ਾਂ ਦੇ ਖੋਜਕਾਰਾਂ ਨੂੰ ਭੇਜਿਆ ਜਾ ਸਕਦਾ ਹੈ ਜੋ ਅੰਤਰਰਾਸ਼ਟਰੀ COSMOS ਜੱਥੇ ਦਾ ਇੱਕ ਹਿੱਸਾ ਹਨ, ਅਤੇ ਹੋ ਸਕਦਾ ਹੈ ਕਿ ਉਥੋਂ ਦੇ ਕਾਨੂੰਨ ਤੁਹਾਡੀ ਪਰਦੇਦਾਰੀ ਦੀ ਉਸ ਹੱਦ ਤੱਕ ਰੱਖਿਆ ਨਾ ਕਰਨ ਜਿਸ ਹੱਦ ਤੱਕ ਯੂਕੇ ਵਿੱਚ ਅੰਕੜੇ ਸੁਰੱਖਿਆ ਕਾਨੂੰਨ ਕਰਦਾ ਹੈ। ਪਰ ਫਿਰ ਵੀ, ਇਮਪੀਰੀਅਲ ਕਾਲਜ ਇਹ ਯਕੀਨੀ ਬਣਾਉਣ ਦੁਆਰਾ ਤੁਹਾਡੀ ਪਰਦੇਦਾਰੀ ਦੀ ਰੱਖਿਆ ਕਰੇਗਾ ਕਿ ਇਹਨਾਂ ਅੰਤਰਰਾਸ਼ਟਰੀ ਖੋਜਕਾਰਾਂ ਦੀ ਪਹੁੰਚ ਬੇਪਛਾਣ ਕੀਤੀ ਜਾਣਕਾਰੀ ਤੱਕ ਹੀ ਹੋਵੇਗੀ

ਜੋ ਤੁਹਾਡੀ ਪਛਾਣ ਨਹੀਂ ਦੱਸਦੀ। ਵਿਅਕਤੀਗਤ ਪਛਾਣ ਜ਼ਾਹਿਰ ਕਰਨ ਵਾਲੀ ਕੋਈ ਵੀ ਨਿੱਜੀ ਜਾਣਕਾਰੀ ਕਦੇ ਵੀ ਅੰਤਰਰਾਸ਼ਟਰੀ ਖੋਜ ਟੀਮਾਂ ਨੂੰ ਨਹੀਂ ਦਿੱਤੀ ਜਾਵੇਗੀ।

# ਅਗਲੇ ਕਦਮ

## ਜੇ ਮੈਂ ਹੁਣ ਹਿੱਸਾ ਲੈਣਾ ਚਾਹਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਸੀਂ ਭਾਗ ਲੈਣ ਦੁਆਰਾ ਮਦਦ ਕਰਨ ਦਾ ਫੈਸਲਾ ਕਰਦੇ ਹੋ, ਤਾਂ ਕਿਰਪਾ ਕਰਕੇ ਅਧਿਐਨ ਵੈੱਬਸਾਈਟ www.ukcosmos.org 'ਤੇ ਜਾਓ ਅਤੇ ਆਨਲਾਈਨ ਪ੍ਰਸ਼ਨਾਵਲੀ ਦੇ ਲਿੰਕ 'ਤੇ ਕਲਿੱਕ ਕਰੋ। ਲਾਗ-ਇਨ ਕਰਨ ਲਈ, ਤੁਹਾਡੀ ਸਹਿਮਤੀ ਪ੍ਰਦਾਨ ਕਰਨ ਲਈ, ਅਤੇ ਪ੍ਰਸ਼ਨਾਵਲੀ ਪੂਰੀ ਕਰਨ ਲਈ ਤੁਹਾਨੂੰ ਤੁਹਾਡੇ ਸੁਰੱਖਿਅਤ ID ਨੰਬਰ ਦੀ ਲੋੜ ਹੋਵੇਗੀ (ਜੋ ਤੁਹਾਡੇ ਸੱਦਾ ਪੱਤਰ 'ਤੇ ਛਾਪਿਆ ਗਿਆ ਹੈ)।

## ਮੈਨੂੰ ਫੈਸਲਾ ਕਦੋਂ ਲੈਣਾ ਪੈਣਾ ਹੈ ?

ਇਸ ਬਾਰੇ ਸੋਚਣ ਲਈ ਤੁਹਾਡੇ ਕੋਲ ਚਾਰ ਹਫਤਿਆਂ ਦਾ ਸਮਾਂ ਹੈ। ਫੇਰ ਅਸੀਂ ਤੁਹਾਨੂੰ ਯਾਦ ਦਿਵਾਉਣ ਵਾਸਤੇ ਇੱਕ ਹੋਰ ਸੱਦਾ ਭੇਜਾਂਗੇ। ਜੇ ਸਾਨੂੰ ਤੁਹਾਡਾ ਜਵਾਬ ਨਹੀਂ ਮਿਲਦਾ, ਤਾਂ ਅਸੀਂ ਇਹ ਮੰਨ ਲਵਾਂਗੇ ਕਿ ਤੁਸੀਂ ਹਿੱਸਾ ਲੈਣਾ ਨਹੀਂ ਚਾਹੁੰਦੇ ਅਤੇ ਕੋਈ ਹੋਰ ਸੰਪਰਕ ਨਹੀਂ ਕੀਤਾ ਜਾਵੇਗਾ।

## ਜੇ ਹਿੱਸਾ ਲੈਣ ਬਾਰੇ ਮੈਂ ਅਨਿਸ਼ਚਿਤ ਹਾਂ, ਮੇਰੇ ਕੋਈ ਹੋਰ ਸ਼ੰਕੇ ਜਾਂ ਸਵਾਲ ਹਨ ਤਾਂ ਮੈਂ ਕੀ ਕਰ ਸਕਦਾ/ਦੀ ਹਾਂ?

ਜੇ ਤੁਹਾਡੇ ਕੋਈ ਹੋਰ ਸ਼ੰਕੇ ਜਾਂ ਸਵਾਲ ਹਨ, ਤਾਂ ਅਸੀਂ ਤੁਹਾਨੂੰ ਹੋਰ ਜਾਣਕਾਰੀ ਦੇਕੇ ਖੁਸ਼ ਹੋਵਾਂਗੇ:

1) ਯੂਕੇ COSMOS ਵੈੱਬਸਾਈਟ 'ਤੇ ਜਾਕੇ: www.ukcosmos.org
2) ਹੇਠ ਲਿਖੇ ਪਤੇ 'ਤੇ ਚਿੱਠੀ ਲਿਖਕੇ: UK COSMOS study, Department of Epidemiology and Biostatistics, School of Public Health, Faculty of Medicine, Imperial College London, St Mary's Campus, Norfolk Place, London W2 1PG.
3) ਈਮੇਲ ਦੁਆਰਾ: ukcosmos@imperial.ac.uk
4) ਮੁਫਤਫੋਨ ਦੁਆਰਾ: 08000 270 270 (ਸੋਮਵਾਰ – ਸ਼ਨੀਵਾਰ, ਸਵੇਰੇ 10.00 – ਸ਼ਾਮ 6.00)

COSMOS ਬਾਰੇ ਵਧੇਰੇ ਜਾਣਕਾਰੀ ਏਥੇ ਵੀ ਉਪਲਬਧ ਹੈ:

www.ukcosmos.org